RNI: HARHIN/2011/46997

ISSN 2347-4041

## शोध के प्रयोजन

सृष्टि में कोई भी कार्य वगैर प्रयोजन के नहीं होता। प्रत्येक कार्य का अपना लक्ष्य होता है।

शोध के प्रयोजन के बारे में भिन्न-भिन्न विचार दिए गए हैं :-

**ज्ञान -** शोध कार्य का सबसे महत्त्वपूर्ण प्रयोजन ज्ञान प्राप्ति ही है। एन्साइक्लोपीडिया ब्रिटेनिका के खंड (१९) में रिसर्च शब्द पर प्रकाश डाला गया है। अतः शोधक का मुख्य प्रयोजन ज्ञान का विस्तार है चाहे वह भौतिक ज्ञान हो, चाहे वैचारिक या फिर आध्यात्मिक। सम्पूर्ण ज्ञान शोध से संभव है।

**अर्थ प्राप्ति -** शोध का एक प्रयोजन अर्थ प्राप्ति भी कह सकते हैं। डॉ. उदयभानु सिंह ने अपने ग्रंथ 'अनुसंधान का विवेचन' में शोध के इस प्रयोजन को महत्त्व देते हुए लिखा है - 'उपाधि परक शोधकार्य करने वाले विद्यार्थी का प्रधान साध्य अर्थ ही है।'

**यश प्राप्ति -** धन लिप्सा से यश लिप्सा ज्यादा महत्त्वपूर्ण है। अंग्रेजी में एक कहावत है कि एक सदाशयी व्यक्ति की अंतिम दुर्बलता है यश। इसलिए अनेक सुसम्पन्न व्यक्ति भी कीर्ति के लिए पीएच.डी., डी.लिट्. आदि उपाधियों से अलंकृत होते देखे जाते हैं। पत्रिकाओं में शोधपत्रों के द्वारा भी व्यक्ति की अलग पहचान बनती है।

**तर्कपूर्ण व क्रियाशील बुद्धि -** कई विद्वान ऐसे हैं जिनकी बुद्धि प्रत्येक विषय में क्रियाशील रहती है तथा वे तर्क द्वारा एक नवीन अवधारणा को जन्म देते हैं और यह अवधारणा शोध के क्षेत्र में अपना स्थान बनाती है। अतः उनकी तार्किक बुद्धि उन्हें शोध कार्य में संलग्न होने की प्रेरणा देती रहती है। इसमें उनका मुख्य प्रयोजन मानसिक उलझन को तर्कपूर्ण तरीकों से सुलझाना रहता है।

"उदारचरितानां तु वसुधैव कुटुम्बकम्"

शोध चेतना अकादमी, अंतर्गत

'वसुधैव कुटुम्बकम्' संस्कृति सेवा आयाम (पंजी.)

email:sanskarchetna@gmail.com www.sanskarchetna.com

संपादकीय कार्यालय: संपादक-संस्कार चेतना, # 153/30, U.E., कुरुक्षेत्र, हरियाणा 136131

चलभाष. 094166-38831, 08708812021

संस्कार चेतना

वर्ष -8

अंक-5

जनवरी: 2019

Impact Factor : 3.245

UGC Approved No.41232

ISSN 2347-4041

प्रथमां विश्ववारां तां संस्कृतिं स्वयुगानुगाम्। संस्कारचेतना धत्ते वसुधैव कुटुम्बकम्॥

साहित्य, शिक्षा, वाणिज्य, मानविकी, विज्ञान एवं सभी विषयों की

# संस्कार चेतना

संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना
संस्कार चेतना

अन्तरराष्ट्रीय मूल्यांकित शोध पत्रिका (मासिक)

INTERNATIONAL REFEREED RESEARCH JOURNAL

प्रधान संपादक

डॉ. विजय दत्त शर्मा, पूर्व निदेशक, हरियाणा ग्रन्थ अकादमी, पंचकूला

संपादक

डॉ. केवल कृष्ण

"उदारचरितानां तु वसुधैव कुटुम्बकम्"

शोध चेतना अकादमी

'वसुधैव कुटुम्बकम्' संस्कृति सेवा आयाम (पंजी.)

Scanned with OKEN Scanner

A Comparative Study of Teacher Education Programme with Special Reference to India
Dr. Ranjita Verma — 263-268

An Aporetic Journey in the Chaotic World of Girish Karnad's *Tughlaq*
Vandna Kaul — 269-273

Impact of Music in Films
Shaina — 274-277

काश्मीर शैव दर्शन में बन्धन और मोक्ष
विपन कुमार — 278-282

अशोक के अभिलेखों में प्राप्य समाज व्यवस्था का विश्लेषण
डॉ. नवीता जम्वाल — 283-286

18वीं व 19वीं शदी में सूफ़ीमत का प्रमुख केंद्र रहा है-महम
विजेंद्र सिंह दहिया — 287-291

श्रीमद्भगवद्गीता का निष्काम कर्मयोग एवं उसकी प्रासङ्गिकता
डॉ० विद्याधर सिंह — 292-298

राजतरङ्गिणी में प्राप्त कर व्यवस्था की परम्परा एवं उसकी समीचीनता
अतुल खजूरिया — 299-302

विवेकचूड़ामणि में अधिकारी - एक विवेचन
हरीश कुमार — 303-306

प्राचीन एवं मध्यकालीन कश्मीरी समाज में अवस्थित भक्ति के विविध सोपान
उषा शर्मा — 307-311

अमरकांत की कहानियों में सामाजिक सरोकार
संदीप कुमार — 312-317

Role of Nationality in Partition Indian
Deepak — 318-321

Rural Social Empowerment via Financial Empowerment and Regional Rural Banks (RRBs)
Sumiti — 322-329

Channels of Digitalisation
Shivani Sharma — 330-333

An Analytical Study of Discriminating Ability of Predictors of Employee Productivity in Indian Banking Sector
Pooja Sharma — 334-341

Contribution of Cooperative Banks in Agriculture Sector & Rural Development in India
Dheeraj Kaushik — 342-346

Availability of Housing Amenities among Bawaria Caste in Rewari District: A Clan Wise Analysis
Ashu Rani — 347-359

ओमप्रकाश वाल्मीकि की कहानियों में दलित स्त्री — 360-363
सुनीता

श्रीमद्भगवद् गीता में ईश्वर का मण्डन और अनीश्वरवाद का खण्डन — 364-366
अंकुश

ਪਰਵਾਜ਼ ਦਾ ਸਵਾਲ : ਗ਼ਜ਼ਲ ਸਰੋਕਾਰ (ਸ਼ਮਸ਼ੇਰ ਮੋਹੀ) — 367-369
ਡਾ. ਸੋਨੀਆ

370-372
ਕਮਿਉਨਿਸਟ ਲਹਿਰ ਵਿਚਲੇ ਅੰਤਰ-ਦਵੰਦਾਂ ਦੀ ਪੇਸ਼ਕਾਰੀ : ਨਿੱਕੇ ਨਿੱਕੇ ਯੁੱਧ
ਡਾ. ਮਾਨਤਾ

'ਸਰਬ-ਧਰਮ ਮਹਿ ਸ੍ਰੇਸ਼ਟ ਧਰਮ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਭਗਤ-ਬਾਣੀ' ਦੇ ਆਧਾਰ ਤੇ — 373-376
ਡਾ. ਗੁਰਜਿੰਦਰ ਕੌਰ

ਗਿੱਧਾ ਲੋਕ-ਨਾਚ ਦਾ ਸਰੂਪ ਅਤੇ ਸੱਭਿਆਚਾਰਕ ਸਾਰਥਕਤਾ — 377-380
ਡਾ. ਰੁਪਿੰਦਰ ਕੌਰ

ਗੁਰੂ ਤੇਗ ਬਹਾਦਰ ਬਾਣੀ ਵਿੱਚ ਗੁਰੂ, ਰੱਬ ਅਤੇ ਮੌਤ ਦਾ ਵਰਨਣ — 381-385
ਡਾ. ਬਲਜਿੰਦਰ ਸਿੰਘ

वाल्मीकि रामायण के दर्पण में भवभूतिकृत उत्तररामचरितम्
डॉ० विदुषा — 386-389

भारतीय शास्त्रीय संगीत में छन्द का महत्व
डॉ. प्रतिभा शर्मा — 390-394

Solving Volterra Linear Integral Equation by Trapezoidal Rule
Sukhvinder — 395-403

The Writ of Mandamus
Tejasvita — 404-408

ਰੂਹ ਦਾ ਰੰਗ : ਦਵੰਦਆਤਮਕ ਮਾਨਸਿਕ ਸਥਿਤੀ ਦੀ ਪੇਸ਼ਕਾਰੀ — 409-414
ਨਵਜੋਤ ਕੌਰ

अस्तित्ववाद और हिन्दी-उपन्यास
डॉ० मुन्नी देवी — 415-418

प्राचीन भारत में बौद्ध शिक्षण पद्धति एक अध्ययन — 419-421
पूनम

रामकाव्य धारा के सामाजिक मूल्यों की प्रासंगिकता: आज के संदर्भ में — 422-426
डॉ० बिजेन्द्र, डॉ० सुभाष चंद्र

Fintech Revolution: Changing the Face of Financial Services in India — 427-434
Rupali Lamba

The Growth of Martha's Self in *Martha Quest* — 435-440
Parshant Kumar






Scanned with OKEN Scanner

ਹਰੇ ਇਨਕਲਾਬ ਤੋਂ ਬਾਅਦ ਜਿੱਥੇ ਪਿੰਡਾਂ ਵਿਚ ਖੁਸਹਾਲੀ ਵਧੀ ਹੈ, ਉਥੇ ਕਈ ਮਾਨਸਿਕ ਦਵੰਦ ਵੀ ਪੈਦਾ ਹੋਏ ਆਰਥਿਕ ਖੁਸਹਾਲੀ ਕਾਰਨ ਲੋਕਾਂ ਦੇ ਘਰਾਂ ਅਤੇ ਪਿੰਡਾਂ ਦੀ ਨੁਹਾਰ ਬਦਲ ਗਈ। ਕੱਚੇ ਘਰ ਪੱਕੇ ਬਣ ਗਏ ਹਨ ਅਤੇ ਪਿੰਡਾਂ ਦੀ ਜੂਨ ਸੁਧਰ ਗਈ ਹੈ। ਕੱਚੀਆਂ ਸੜਕਾਂ ਪੱਕੀਆ ਹੋ ਗਈਆਂ ਹਨ ਅਤੇ ਪਿੰਡਾਂ ਵਿਚ ਸਰਕਾਰੀ ਪਬਲਿਕ ਸਕੂਲ ਖੁੱਲ ਗਏ ਹਨ, ਜਿਨ੍ਹਾਂ ਵਿਚ ਬੱਚੇ ਭਾਵੇ ਹੁਸਿਆਰ ਤਾਂ ਨਾ ਹੋਣ, ਪਰ ਸਾਫ ਸੁੱਥਰੇ ਹੁੰਦੇ ਹਨ। ਪਿੰਡਾਂ ਵਿੱਚ ਸੱਭ ਤਕੜੇ ਘਰਾਂ ਦੇ ਬੱਚੇ ਪਬਲਿਕ ਸਕੂਲਾਂ ਵਿਚ ਪੜ੍ਹਨ ਜਾਂਦੇ ਹਨ। ਸਰਕਾਰੀ ਸਕੂਲਾਂ ਵਿਚ ਸਿਰਫ ਉਹਨਾਂ ਗਰੀਬ ਮਾਪਿਆ ਦੇ ਬੱਚੇ ਪੜ੍ਹਨ ਜਾਂਦੇ ਹਨ ਜੋ ਪਬਲਿਕ ਸਕੂਲਾਂ ਦਾ ਖਰਚ ਨਹੀਂ ਉਠਾ ਸਕਦੇ ।

"ਸਰਕਾਰੀ ਨੀਤੀ ਤਾਂ ਜਿੰਮੇਵਾਰ ਹੈ ਹੀ, ਅਧਿਆਪਕ ਵੀ ਇਸ ਜਿੰਮੇਵਾਰੀ ਤੋਂ ਬਚ ਨਹੀਂ ਸਕਦੇ ਜਿਨ੍ਹਾਂ 'ਚ ਆਪਣੇ ਕਿੱਤੇ ਪ੍ਰਤੀ ਸੁਹਿਰਦਾ ਦੀ ਘਾਟ ਹੈ। ਜੋ ਦੋ ਦਿਨ ਕਿਸੇ ਸਰਕਾਰੀ ਸਰਵੇਖਣ 'ਚ ਲਾਉਂਦੇ ਹਨ ਤਾਂ ਦੋ ਦਿਨ ਨਾਲ ਫਰਲੋਅ ਮਾਰ ਕੇ ਆਪਣੇ ਨਿੱਜੀ ਕੰਮ ਵੀ ਕਰਦੇ ਰਹਿੰਦੇ ਐ। ਪਿੰਡਾਂ ਵਿਚ ਦਲਿਤ ਅਤੇ ਗਰੀਬਾਂ ਦੇ ਬੱਚਿਆ ਦਾ ਕੋਈ ਭਵਿੱਖ ਨਹੀ । ਖਾਂਦੇ-ਪੀਂਦੇ ਤੇ ਪਿੰਡਾਂ ਦੇ ਪਤਵੰਨੇ ਲੋਕਾਂ, ਪੰਚਾਇਤਾਂ ਦਾ ਵੀ ਇਧਰ ਧਿਆਨ ਨਹੀਂ ਹੈ, ਕਿਉਂਕਿ ਉਨ੍ਹਾਂ ਦੇ ਆਪਣੇ ਬੱਚੇ ਤਾਂ ਮਾਡਲ ਸਕੂਲਾਂ 'ਚ ਪੜਦੇ ਹਨ, ਸਗੋਂ ਬਹੁਤ ਵਾਰ ਦੋਸੀ ਹੀ ਇਹ ਧਿਰ ਹੁੰਦੀ ਹੈ। ਇਸੇ ਵਰਗ 'ਚ ਹੀ ਬਹੁਤੇ ਮਾਸਟਰ ਹਨ ਤੇ ਉਹ ਆਪਣੇ ਹੀ ਪਿੰਡਾਂ ਜਾਂ ਆਪਣੇ ਗੁਆਂਢ ਦੇ ਪਿੰਡਾ 'ਚ ਨਿਯੁਕਤ ਹੁੰਦੇ ਹਨ। ਇਨ੍ਹਾਂ ਸਾਰੇ ਪਿੰਡਾਂ 'ਚੋਂ ਸਿਰਫ ਦੋ ਸਰਕਾਰੀ ਸਕੂਲਾਂ ਅਧਿਆਪਕਾਂ ਦੇ ਬੱਚੇ ਉਨ੍ਹਾਂ ਦੇ ਆਪਣੇ ਸਰਕਾਰੀ ਸਕੂਲ 'ਚ ਪੜਦੇ ਹਨ। ਬਾਕੀਆਂ ਦੇ ਬੱਚੇ ਮਾਡਲ ਸਕੂਲਾਂ ਦੀ ਸ਼ਾਨ ਹਨ।"[7]

ਨਾਵਲ ਵਿਚ ਖਾਲਿਸਤਾਨੀ ਲਹਿਰ ਦੇ ਉਭਾਰ ਅਤੇ ਛੇਤੀ ਹੀ ਇਸਦੇ ਪਤਨ ਉੱਪਰ ਚਾਨਣਾ ਪਾਇਆ ਗਿਆ ਹੈ। ਪੰਜਾਬੀ ਨੌਜਵਾਨਾ ਵਿਚ ਇਹ ਲਹਿਰ ਬੜੀ ਛੇਤੀ ਨਾਲ ਫੈਲ ਗਈ ਸੀ ਕਿਉਂਕਿ ਇਹ ਨੌਜਵਾਨਾਂ ਦੇ ਸੁਭਾਅ ਅਨੁਸਾਰ ਗਰਮ ਖਿਆਲੀ ਤੇ ਅਧਾਰਿਤ ਸੀ। ਇਹ ਲਹਿਰ ਹਥਿਆਰਬੰਦ ਕ੍ਰਾਂਤੀ ਰਾਹੀਂ ਸਿੱਖਾਂ ਲਈ ਵੱਖਰੇ ਰਾਜ ਖਾਲਿਸਤਾਨ ਦੀ ਮੰਗ ਕਰਦੀ ਸੀ, ਜਿਸਦਾ ਮੋਢੀ ਭਿੰਡਰਵਾਲਾ ਸੀ, ਪਰ ਇਸ ਲਹਿਰ ਦਾ ਪਤਨ ਛੇਤੀ ਹੋ ਗਿਆ ਕਿਉਂਕਿ ਇਕ ਤਾਂ ਇਹ ਲਹਿਰ ਪਿੱਛੇ ਠੋਸ ਅਧਾਰ ਦੀ ਕਮੀ ਸੀ ਦੂਜਾ ਹਥਿਆਰਬੰਦ ਕ੍ਰਾਂਤੀ ਰਾਹੀ ਆਪਣੀ ਗੱਲ ਮਨਾਉਣ ਦਾ ਤਰੀਕਾ ਗਲਤ ਸੀ। ਇਸ ਲਈ ਸਰਕਾਰ ਦੁਆਰਾ ਜਾਇਜ ਅਤੇ ਨਜਾਇਜ ਤਰੀਕੇ ਨਾਲ ਛੇਤੀ ਹੀ ਇਸ ਲਹਿਰ ਨੂੰ ਦਬਾ ਦਿੱਤਾ ਗਿਆ ।

"ਭਿੰਡਰਾਵਾਲੇ ਦੇ ਹਥਿਆਰ ਦੀ ਗਲ ਉਸਨੂੰ ਚੰਗੀ ਲੱਗਦੀ । ਉਸ ਨੇ ਦਾਹੜੀ ਕੇਸ ਸਜਾ ਲਏ ਤੇ ਭਾਈ ਰਵਿੰਦਰ ਸਿੰਘ ਬਣ ਗਿਆ। ਇਲਾਕੇ ਦੇ ਗਰਮ ਸੁਰ ਵਾਲੇ ਹੋਰ ਮੁੰਡਿਆਂ ਨਾਲ ਉਹ ਦੀ ਨੇੜਤਾ ਵਧਦੀ ਗਈ। ਇਨ੍ਹਾਂ ਹੀ ਦਿਨਾਂ 'ਚ ਉਸ ਨੇ ਮੋਟਰਸਾਈਕਲ ਖਰੀਦ ਲਿਆ । ਫਿਰ ਕੱਚੀਆਂ-ਪੱਕੀਆਂ ਸੜਕਾ ਤੇ ਮੋਟਰਸਾਈਕਲ ਭਜਾਉਂਦਾ ਉਹ ਹਵਾ ਨਾਲ ਗੱਲਾ ਕਰਦਾ ਪਿੰਡ 'ਚ ਵੀ ਖਾਲਿਸਤਾਨ ਦੀਆਂ ਗੱਲਾਂ ਕਰਨ ਲੱਗ ਪਿਆ ਸੀ ਭਾਵੇ ਉਹ ਮੋਟੀਆਂ ਠੱਲੀਆਂ ਹੀ ਹੁੰਦੀਆਂ।"[8]

ਉਪਰੋਕਤ ਸਭ ਵਰਤਾਰੇ ਪਿਠਭੂਮੀ ਵਿਚ ਚਲੇ ਜਾਂਦੇ ਹਨ। ਅਗਰਭੂਮੀ ਵਿਚ ਹੈ ਮਨੁੱਖ ਦੀ ਭਰਪੂਰ ਜ਼ਿੰਦਗੀ ਜਿਉਣ ਦੀ ਚਾਹਤ । ਇਸ ਲਈ ਗਿੰਦਰ ਭਾਵੇ ਆਪਣੇ-ਆਪ ਨੂੰ ਕਮਿਊਨਿਸਟ ਲਹਿਰ ਪ੍ਰਤੀ ਸਮਰਪਣ ਕਰਦਾ ਹੈ ਜਾਂ ਪੱਤਰਕਾਰੀ ਦੇ ਖੇਤਰ ਵਿਚ ਸਰਗਰਮ ਹੁੰਦਾ ਹੈ ਪਰ ਉਸ ਦਾ ਮਨ ਔਰਤ ਦੇ ਸਾਥ ਲਈ ਹਮੇਸਾ ਤੜਪਦਾ ਹੈ ਸਗੋਂ ਵਧਦੇ ਉਮਰ ਦੇ ਪੜਾਅ ਤੇ ਇਹ ਇੱਛਾ ਹੋਰ ਵੀ ਤੀਬਰ ਹੁੰਦੀ ਜਾਂਦੀ ਹੈ। ਇਸ ਲਈ ਵੱਖ-ਵੱਖ ਸਮੇਂ ਕਈ ਔਰਤਾਂ ਉਸ ਦੀ ਜ਼ਿੰਦਗੀ ਵਿਚ ਆਉਂਦੀਆਂ ਹਨ, ਹਰ ਵਾਰ ਉਹ ਨਵੇ ਸੁਪਨੇ ਉਣਦਾ ਹੈ, ਪਰ ਕੋਈ ਵੀ ਔਰਤ ਉਸਦੀ ਜੀਵਨ ਸਾਥੀ ਨਹੀ ਬਣ ਪੈਂਦੀ ਕਿਉਂਕਿ ਆਰਥਿਕ ਤੌਰ ਕਮਜੋਰ ਸਥਿਤੀ ਅਤੇ ਪਿਉ ਦੇ ਸਰਾਬੀ ਹੋਣ ਦੀ ਗੱਲ ਹਰ ਵਾਰ ਉਸ ਦੇ ਆੜੇ ਆ ਜਾਂਦੀ ਹੈ। ਜਿਸ ਕਾਰਣ ਆਖਰ ਵਿਚ ਜੀਵਨ ਸਾਥੀ ਦੀ ਚੋਣ ਮਾਨਸਿਕ ਹਾਣ ਦੀ ਨਾ ਹੋ ਕੇ ਸਥਿਤੀਆਂ ਨਾਲ ਸਮਝੋਤਾ ਹੋ ਕੇ ਰਹਿ ਜਾਂਦੀ ਹੈ :

"ਕਈ ਵਾਰ ਉਹ ਰਚਨਾ ਹੱਥ ਟਰੇਅ 'ਚ ਚਾਹ ਦੇ ਨਾਲ ਕੁਝ ਖਾਣ ਲਈ ਵੀ ਭੇਜ ਦਿੰਦੀ । ਕਦੀ ਕੁਝ ਕਦੀ ਕੁਝ ਦੋ ਸਿਕਾਰੀ ਸੀਹ ਲਾਈ ਬੈਠੇ ਸਨ। ਇਕ ਦੂਸਰੇ ਤੋਂ ਅਣਜਾਣ । ਦੋਵੇ ਸੋਚ ਰਹੇ ਸਨ ਕਿ ਉਹ ਸਿਕਾਰ ਕਰ ਰਹੇ ਹਨ ਪਰ ਸਾਇਦ ਦੋਵੇ ਹੀ ਸਿਕਾਰ ਹੋ ਰਹੇ ਸਨ।"[9]

ਇਸ ਤਰ੍ਹਾਂ ਇਸ ਨਾਵਲ ਵਿਚ ਕਮਿਊਨਿਸਟ ਲਹਿਰ ਨੂੰ ਉਸ ਦੇ ਸਵੈ ਵਿਰੋਧ ਸਮੇਤ ਖਾਲਿਸਤਾਨ ਲਹਿਰ ਦੇ ਛੇਤੀ ਉਭਾਰ ਅਤੇ ਪਤਨ, ਹਰੇ ਇਨਕਲਾਬ ਕਾਰਨ ਪਿੰਡ ਦੀ ਬਦਲਦੀ ਨੁਹਾਰ ਅਤੇ ਇਸ ਤੋਂ ਪੈਦਾ ਹੋਈਆਂ ਸਮੱਸਿਆਵਾਂ ਅਤੇ ਇਨ੍ਹਾਂ ਸਭ ਹਲਾਤਾਂ ਵਿਚ ਮਨੁੱਖ ਦੀ ਭਰਪੂਰ ਜ਼ਿੰਦਗੀ ਜਿਉਣ ਦੀ ਚਾਹਤ ਨੂੰ ਪੇਸ ਕੀਤਾ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ


1 ਰਜਨੀਸ ਬਹਾਦਰ ਸਿੰਘ, ਅਜੋਕੀ ਪੰਜਾਬੀ ਕਹਾਣੀ, ਕਥਾ ਪ੍ਰਵਚਨ 111

2 ਬਲਬੀਰ ਪਰਵਾਨਾ, 'ਨਿੱਕੇ ਨਿੱਕੇ ਯੁੱਧ', ਪੰਨਾ 23

3 ਉਹੀ, ਪੰਨਾ 20

4 ਉਹੀ, ਪੰਨਾ 50

5 ਉਹੀ, ਪੰਨਾ 80

6 ਉਹੀ, ਪੰਨਾ 61

7 ਉਹੀ, ਪੰਨਾ 98, 99

8 ਉਹੀ, ਪੰਨਾ 71

9 ਉਹੀ, ਪੰਨਾ 125





ISSN : 2347–4041

UGC Approved No. 41232

Impact Factor 3.245

संस्कार चेतना अन्तरराष्ट्रीय मूल्यांकित शोध पत्रिका

वर्ष 8, अंक 5, जनवरी 2019


# 'ਸਰਬ-ਧਰਮ ਮਹਿ ਸ੍ਰੇਸ਼ਟ ਧਰਮ'
# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਭਗਤ-ਬਾਣੀ' ਦੇ ਆਧਾਰ ਤੇ


ਡਾ. ਗੁਰਜਿੰਦਰ ਕੌਰ

ਸਹਾਇਕ ਪ੍ਰੋਫ਼ੈਸਰ

ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ

ਸੰਤਪੁਰਾ (ਯਮੁਨਾਨਗਰ)


ਸੰਸਾਰ ਵਿਚ ਮਹਾਂਪੁਰਖ ਸਮੇਂ-ਸਮੇਂ ਪੈਦਾ ਹੁੰਦੇ ਰਹੇ ਹਨ, ਉਹਨਾਂ ਦੇ ਦੱਸੇ ਹੋਏ ਆਦਰਸ਼ ਅਤੇ ਉਹਨਾਂ ਦੇ ਸੰਦੇਸ਼ ਭੁੱਲੇ-ਭਟਕੇ ਲੋਕਾਂ ਨੂੰ ਪ੍ਰੇਰਿਤ ਕਰਦੇ ਰਹੇ ਹਨ। ਸਿੱਖ ਧਰਮ ਦੇ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਸਾਹਿਬਾਨ ਤੋ ਇਲਾਵਾ ਜਿਹਨਾਂ ਹੋਰ ਮਹਾਂਪੁਰਖਾਂ ਦੀ ਬਾਣੀ ਦਰਜ ਹੈ, ਉਹਨਾਂ ਵਿਚ ਭਗਤ-ਕਵੀਆਂ ਦਾ ਨਾਂ ਬੜੇ ਆਦਰ-ਭਾਵ ਨਾਲ ਲਿਆ ਜਾ ਸਕਦਾ ਹੈ। ਭਗਤ-ਕਵੀਆਂ ਦਾ ਸਮਾਂ ਭਾਰਤ ਵਿਚ 12ਵੀਂ ਸਦੀ ਤੋਂ 16ਵੀਂ ਸਦੀ ਤੱਕ ਦਾ ਮੰਨਿਆ ਗਿਆ ਹੈ।

ਵਿਸ਼ਵ ਦੇ ਇਤਿਹਾਸ ਵਿਚ ਧਰਮ ਦਾ ਸੱਭ ਤੋਂ ਵਿਸ਼ਾਲ ਸਰੂਪ ਭਾਰਤ ਦੀ ਧਰਤੀ ਤੇ ਹੀ ਮਿਲਦਾ ਹੈ। 'ਧਰਮ' ਦੀ ਵਿਆਖਿਆ ਕਰਨ ਲਈ ਜਿੰਨੇ ਧਾਰਮਿਕ ਗ੍ਰੰਥ, ਵੇਦ ਤੇ ਪੁਰਾਣ ਇਸ ਭਾਰਤ ਦੀ ਧਰਤੀ ਤੇ ਮਿਲਦੇ ਹਨ, ਸ਼ਾਇਦ ਹੀ ਵਿਸ਼ਵ ਦੀ ਕਿਸੇ ਹੋਰ ਧਰਤੀ ਨੂੰ ਇਹ ਸੁਭਾਗ ਪ੍ਰਾਪਤ ਹੋਵੇ। 7ਵੀਂ 8ਵੀਂ ਸਦੀ ਵਿਚ ਨਾਥਾਂ-ਜੋਗੀਆਂ ਨੇ ਅਤੇ ਉਸ ਤੋਂ ਵੀ ਪੂਰਵ ਵੈਦਿਕ ਕਾਲ ਵਿਚ ਧਰਮ ਦਾ ਜੋ ਸਰੂਪ ਉਘੜ ਕੇ ਸਾਹਮਣੇ ਆਇਆ ਉਹ ਵੇਦਾਂ ਦੇ ਆਧਾਰ ਤੇ ਕੀਤੀ ਗਈ ਸਮਾਜਕ ਵਰਗ ਵੰਡ ਨੂੰ ਆਧਾਰ ਬਣਾ ਕੇ ਸਿਰਜ ਲਿਆ ਗਿਆ ਸੀ। ਪੁਰਾਤਨ ਸਮੇਂ ਤੋਂ ਹੀ ਸਮਾਜ ਨੂੰ ਚਾਰ ਵਰਗਾਂ ਵਿੱਚ ਵੰਡ ਲਿਆ ਗਿਆ ਸੀ ਜਿਵੇਂ ਖੱਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ । ਬ੍ਰਾਹਮਣੀ ਵਰਗ ਨੇ ਧਰਮ ਦੀ ਸੱਤਾ ਨੂੰ ਹਥਿਆ ਲਿਆ ਅਤੇ ਧਰਮ-ਗ੍ਰੰਥਾਂ ਨੂੰ ਪੜ੍ਹਨ ਤੇ ਵਿਚਾਰਨ ਦਾ ਹੱਕ ਆਪਣੇ ਤੱਕ ਹੀ ਸੀਮਤ ਕਰ ਲਿਆ । ਅਖੋਤੀ ਸ਼ੂਦਰ ਆਖੇ ਜਾਣ ਵਾਲੇ ਵਰਗ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਕਿਸੇ ਵੀ ਤਰ੍ਹਾਂ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਇਸ ਸਮੇਂ ਤੋਂ ਹੀ ਭਾਰਤ ਵਿਚ ਧਰਮ ਦਾ ਸਰੂਪ ਰੂੜ ਹੋਣਾ ਆਰੰਭ ਹੋ ਗਿਆ। ਵੇਦਾਂ ਅਤੇ ਪੁਰਾਣਾਂ ਦੀ ਭਾਸ਼ਾ ਸੰਸਕ੍ਰਿਤ ਹੋਣ ਕਾਰਨ ਬ੍ਰਾਹਮਣੀ ਵਰਗ ਹੀ ਇਸਨੂੰ ਪੜ੍ਹਨ ਵਿਚ ਸਮਰਥ ਸੀ। ਵੇਦਾਂ ਦੀ ਭਾਸ਼ਾ ਦੀ ਜਟਿਲਤਾ ਨੇ, ਧਰਮ ਦੀ ਜਟਿਲਤਾ ਨੂੰ ਜਨਮ ਦਿੱਤਾ । ਇਸ ਤਰ੍ਹਾਂ ਧਰਮ ਕੇਵਲ ਬ੍ਰਾਹਮਣੀ ਵਰਗ ਦੀ ਠੇਕੇਦਾਰੀ ਬਣ ਕੇ ਰਹਿ ਗਿਆ। ਵੇਦ-ਗ੍ਰੰਥਾਂ ਦੀ ਵਿਚਾਰਧਾਰਾ ਆਮ-ਲੋਕਾਂ ਦੀ ਪਹੁੰਚ ਤੋ ਦੂਰ ਹੋ ਗਈ, ਧਰਮ ਦੇ ਠੇਕੇਦਾਰ ਹੀ ਸਮਾਜ ਅਤੇ ਰਾਜਨੀਤੀ ਲਈ ਵੀ ਨਿਯਮ ਬਣਾਉਣ ਲੱਗੇ। ਸਮਾਜ ਅਤੇ ਰਾਜਨੀਤੀ ਲਈ ਵੀ ਨਿਯਮ ਬਣਾਏ ਜਾਣ ਵਾਲੇ ਨਿਯਮ ਬ੍ਰਾਹਮਣੀ ਵਰਗ ਦੀ ਭਲਾਈ ਵਿਚੋਂ ਹੋ ਕੇ ਨਿਕਲਦੇ ਸਨ। ਸ਼ੂਦਰ ਵਰਗ ਨੂੰ ਲਗਭਗ ਸਮਾਜਿਕ ਖੇਤਰ ਵਿਚ ਨੀਵੇਂ ਕੰਮਾਂ ਲਈ ਹੀ ਧਰਤੀ ਤੇ ਆਏ ਮੰਨਿਆ ਜਾਣ ਲੱਗਾ। ਕਿਸੇ ਵੀ ਤਰ੍ਹਾਂ ਦਾ ਧਰਮ-ਕਰਮ ਅਤੇ ਵਿਦਿਆ ਪ੍ਰਾਪਤੀ ਦਾ ਅਧਿਕਾਰ ਸ਼ੂਦਰਾਂ ਨੂੰ ਨਹੀਂ ਸੀ। ਬ੍ਰਾਹਮਣੀ ਵਰਗ ਵਿਚ ਧਾਰਮਿਕ ਸ਼ੂਦਰਾਂ ਨੂੰ ਨਹੀਂ ਸੀ। ਬ੍ਰਾਹਮਣੀ ਵਰਗ ਵਿਚ ਧਾਰਮਿਕ ਪੁਰੋਹਿਤਾਂ ਦਾ ਇਕ ਪੂਰਾ ਸੰਗਠਨ ਕਾਇਮ ਹੋ ਗਿਆ ਜਿਹਨਾਂ ਦਾ ਇਕ ਮਾਤਰ ਉਦੇਸ਼ 'ਪਰਮਾਤਮਾ ਰੂਪੀ ਪਰਮ ਸੱਤਾ' ਨੂੰ ਆਪਣੇ ਹੱਥਾਂ ਦੀ ਕੱਠਪੁੱਤਲੀ ਸਮਝਣਾ ਸੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਰਗੁਣ ਭਗਤੀ ਦਾ ਬੋਲਬਾਲਾ ਵੱਧ ਗਿਆ ਤੇ ਬਾਹਰੀ ਭੇਖ, ਆਡੰਬਰ, ਪੂਜਾ-ਵਿਧੀਆਂ, ਵੇਦ-ਮੰਤ੍ਰ ਰਟਨ ਆਦਿ ਨੇ ਧਰਮ ਦੇ ਸਰੂਪ ਨੂੰ ਆਪਣੇ ਕਲਾਵੇ ਵਿਚ ਲੈ ਲਿਆ । ਇਸ ਦਾ ਨਤੀਜਾ ਇਹ ਵੀ ਹੋਇਆ ਕਿ ਧਰਮ, ਸਮਾਜ ਦੀ ਵਰਣ-ਵਿਵਸਥਾ ਉਤੇ ਸਥਿਰ ਅਵਸਥਾ ਵਿਚ ਸਥਾਪਿਤ ਹੋ ਗਿਆ, ਕਿਸੇ ਵੀ ਤਰ੍ਹਾਂ ਦੀ ਕੋਈ ਹਿੱਲ-ਜੁਲ ਧਰਮ ਦੇ ਆਧਾਰ ਤੇ ਹੋਣੀ ਅਸੰਭਵ ਹੋ ਗਈ ਸੀ। ਸਮਾਜਕ ਵਿਵਸਥਾ ਵਿਚ ਵਿਗਾੜ ਆਉਣੇ ਆਰੰਭ ਹੋ ਗਏ। ਆਮ ਜਨਤਾ ਆਪਣਾ ਸਵੈ-ਵਿਸ਼ਵਾਸ ਖੋ ਬੈਠੀ ਤੇ ਪਰਿਣਾਮ ਸਰੂਪ ਵਿਦੇਸ਼ੀ ਹਕੂਮਤਾਂ ਭਾਰਤ ਉਤੇ ਕਾਬਜ ਹੋ ਗਈਆਂ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਗਈ 'ਭਗਤ-ਬਾਣੀ' ਦੇ ਰਚਨਹਾਰੇ ਸਾਰੇ ਹੀ ਭਗਤ-ਕਵੀ ਵੈਦਿਕ ਕਾਲ ਤੋਂ ਸਥਾਪਿਤ ਕੀਤੀ ਗਈ ਵਰਨ-ਵਿਵਸਥਾ ਅਨੁਸਾਰ ਅਖੋਤੀ ਨੀਵੀਂ ਆਖੀ ਜਾਣ ਵਾਲੀ ਸ਼ੂਦਰ ਜਾਤੀ ਨਾਲ ਸੰਬੰਧ ਰੱਖਦੇ ਸਨ, ਇਸ ਲਈ ਕਿਸੇ ਵੀ ਪੱਖ ਤੋਂ ਧਰਮ ਸੰਬੰਧੀ ਚਰਚਾ ਵੀ ਇਹਨਾਂ ਨੂੰ ਵਰਜਿਤ ਸੀ। ਇਹ ਭਗਤ-ਕਵੀ ਉਹ ਨਿਰਭਉ ਜੋਧੇ ਸਨ ਜਿਹਨਾਂ ਨੇ ਬ੍ਰਾਹਮਣੀ ਵਰਗ ਦੀ ਹੈਂਕੜ ਨੂੰ ਸਿਰੇ ਤੋਂ ਹੀ ਨਕਾਰ ਕੇ ਕਿਹਾ :

ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ ।
ਤਉ ਆਨ-ਬਾਟ ਕਾਹੇ ਨਹੀ ਆਇਆ ।[1]




Scanned with OKEN Scanner

ਭਗਤ ਕਬੀਰ, ਰਵਿਦਾਸ, ਨਾਮਦੇਵ, ਧੰਨਾ ਆਦਿ 15 ਭਗਤ ਕਵੀਆਂ ਨੇ ਸਮੇਂ ਦੀ ਨਬਜ ਨੂੰ ਪਛਾਣਦੇ ਹੋਏ ਭਾਰਤ ਦੀ ਧਾਰਮਿਕ ਵਿਵਸਥਾ ਵਿਚ ਆਈ ਹੋਈ ਖੜੋਤ ਨੂੰ ਪਛਾਣ ਕੇ ਇਸਦਾ ਨਵੀਨੀਕਰਨ ਕਰਨ ਦਾ ਜਤਨ ਕੀਤਾ ਅਤੇ ਧਰਮ ਦੀ ਨਵੀਨ ਪੁਸ਼ਟੀ ਗੁਰਮਤਿ ਵਿਚਾਰਧਾਰਾ ਦੇ ਅਨੁਰੂਪ :

ਸਰਬ-ਧਰਮ ਮਹਿ ਸ੍ਰੇਸ਼ਟ ਧਰਮ
ਹਰਿ ਕੋ ਨਾਮ ਜਪਿ ਨਿਰਮਲ ਕਰਮ ।[2]

ਅਨੁਸਾਰ ਕੀਤੀ। ਗੁਰਮਤਿ ਵਿਚਾਰਧਾਰਾ ਦੇ ਪੱਖ ਤੋਂ ਧਰਮ ਦੀ ਪਰਿਭਾਸ਼ਾ ਦਾ ਨਵੀਨੀਕਰਨ ਕਰਦੀਆਂ ਇਹ ਸਤਰਾਂ ਧਰਮ ਨੂੰ ਕਿਸੇ ਵਰਗ ਵਿਸ਼ੇਸ਼ ਨਾਲ ਨਹੀਂ ਸਗੋਂ 'ਹਰਿ ਦੇ ਨਾਮ ਨੂੰ ਜਪਣ' ਅਤੇ ਸੱਚੇ-ਸੁੱਚੇ ਕਰਮ ਨਾਲ ਜੋੜਦੀ ਹੈ। ਸਾਰਿਆਂ ਧਰਮਾਂ ਵਿਚੋਂ ਕਿਹੜਾ ਧਰਮ ਸ੍ਰੇਸ਼ਟ ਹੈ? ਅਜੇਹੀ ਵਿਚਾਰਧਾਰਾ ਨੂੰ ਪੇਸ਼ ਕਰਨ ਦੀ ਲੋੜ ਕਿਉਂ ਪਈ, ਇਸ ਸੰਬੰਧੀ ਅਸੀਂ ਪਿਛੇ ਵਿਸਥਾਰ ਸਹਿਤ ਵਿਚਾਰ ਕਰ ਆਏ ਹਾਂ। ਪਰੰਪਰਾਗਤ ਹਿੰਦੂ ਧਰਮ ਅਤੇ ਵਿਦੇਸੀ ਮੁਸਲਮਾਨ ਹੁਕਮਰਾਨ ਆਪਣੇ-ਆਪਣੇ ਧਰਮ ਦੀ ਸ੍ਰੇਸ਼ਟਤਾ ਸਿੱਧ ਕਰਨ ਵਿਚ ਲੱਗੇ ਹੋਏ ਸਨ ਪਰੰਤੂ ਇਸ ਸ੍ਰੇਸ਼ਟਤਾ ਦੀ ਵਿਆਖਿਆ ਵਿਚ ਪ੍ਰਭੂ ਦਾ ਨਾਮ ਅਤੇ ਨਿਰਮਲ ਕਰਮ ਮੂਲੋਂ ਹੀ ਖਤਮ ਸਨ। ਸ਼ੀਲ, ਸੰਜਮ, ਸੰਤੋਖ, ਸਬਰ ਤੇ ਦਯਾ ਤੋਂ ਸੱਖਣਾ ਪਰੰਪਰਾਗਤ ਧਾਰਮਿਕ ਸਰੂਪ 'ਭੇਖ ਦਿਖਾਵੈ ਸੱਚ ਨਾ ਕਮਾਵੈ' ਦਾ ਅਨੁਸਰਣੀ ਸੀ। ਪੁਰਾਤਨ ਸਮੇਂ ਦੇ ਅਧਿਆਤਮਕ ਚਿੰਤਨ ਨੇ ਮਨੁੱਖ ਦੇ ਕਰਤੱਵਾਂ ਨੂੰ ਨਿਯੰਤ੍ਰਿਤ ਕਰਨ ਹਿੱਤ ਉਸਦੇ ਜੀਵਨ ਕਾਲ ਨੂੰ ਵੀ 4 ਆਸ਼ਰਮਾਂ ਵਿੱਚ ਵੰਡਿਆ ਹੋਇਆ ਸੀ ਜਿਵੇਂ ਬ੍ਰਹਮਚਾਰਯ, ਗ੍ਰਹਿਸਥ, ਵਨਪ੍ਰਸਥ ਅਤੇ ਸੰਨਿਆਸ। ਮੱਧਕਾਲੀ ਯੁੱਗ ਤੱਕ ਪਹੁੰਚ ਕੇ ਭਗਤ-ਕਵੀਆਂ ਨੇ ਇਹਨਾਂ ਆਸ਼ਰਮ ਵਿਧਾਨਾਂ ਨੂੰ ਰੱਦ ਕਰਦੇ ਹੋਏ ਵਨਪ੍ਰਸਥੀ ਅਤੇ ਸੰਨਿਆਸ ਦੇ ਸਾਰੇ ਕਰੱਤਵਾਂ ਨੂੰ ਗ੍ਰਹਿਸਥ ਨਾਲ ਜੋੜ ਦਿਤਾ। ਕਬੀਰ ਤੇ ਰਵਿਦਾਸ ਵਰਗੇ ਆਗੂ ਭਗਤ-ਕਵੀਆਂ ਨੇ ਬ੍ਰਾਹਮਣੀ ਧਰਮ ਦੀ ਇਜਾਰੇਦਾਰੀ ਮੁਕਾਉਣ ਲਈ ਸਮਕਾਲੀ ਧਰਮਾਂ ਵਿਚ ਆਏ ਦੇਵੀ-ਦੇਵਤਿਆਂ ਦੇ ਹੜ੍ਹ ਭਾਵ ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਪੂਜਾ ਨੂੰ ਇਕ ਅਕਾਲ-ਪੁਰਖ ਦੇ ਸਿਮਰਨ ਨਾਲ ਅਤੇ ਨੈਤਿਕ ਮੁੱਲਾਂ ਨਾਲ ਜੋੜ ਕੇ ਧਰਮ ਦੀ ਨਵੇਂ ਸਿਰੇ ਤੋਂ ਵਿਆਖਿਆ ਕੀਤੀ। ਆਮ ਜਨਤਾ ਦੀਆਂ ਖੰਡਿਤ ਮਨੋ-ਸਥਿਤੀਆਂ ਨੂੰ ਸਹੀ ਦਿਸ਼ਾ ਦਿੰਦੇ ਹੋਏ ਭਗਤ ਰਵਿਦਾਸ ਫੁਰਮਾਨ ਕਰਦੇ ਹਨ।

ਜੇ ਓਹੁ ਅਠਸਠਿ ਤੀਰਥ ਨਾਵੈ
ਜੇ ਓਹੁ ਦੁਆਦਸ ਸਿਲਾ ਪੁਜਾਵੈ
ਜੇ ਓਹੁ ਕੂਪ ਤਟਾ ਦੇਵਾਵੈ
ਕਰੈ ਨਿੰਦ ਸਭ ਬਿਰਥਾ ਜਾਵੈ[3]

'ਧਰਮ' ਨਾਲ 'ਮੁਕਤੀ' ਸੰਬੰਧੀ ਚਰਚਾ ਦਾ ਜੁੜ ਜਾਣਾ ਕਿਸੇ ਵੀ ਪੱਖ ਤੋਂ ਅਸੁਭਾਵਕ ਨਹੀਂ, ਪਰੰਤੂ ਮੁਕਤੀ ਪ੍ਰਾਪਤੀ ਦਾ ਭਾਰਤੀ ਧਰਮਾਂ ਵਿਚ ਤੁਰਿਆ ਆਉਂਦਾ ਪਰੰਪਰਾਗਤ ਸਰੂਪ ਅਸੁਭਾਵਕ ਹੈ, ਜੋ ਮੁਕਤੀ ਨੂੰ ਮਨੁੱਖ ਦੇ ਜਨਮ-ਮਰਨ ਦੇ ਗੇੜ ਤੋਂ ਛੁਟਕਾਰੇ ਨਾਲ ਜੋੜਦਾ ਹੈ। ਇਸ ਅਵਧਾਰਨਾ ਨੂੰ ਵੀ ਭਗਤ-ਕਵੀ, ਮੁਕਤੀ ਬਾਰੇ ਆਪਦੇ ਸੰਤ-ਸੁਲਭ. ਮਾਪਦੰਡ ਨਾਲ ਤੋਲਦੇ ਹਨ ਅਤੇ ਵਿਚਾਰ ਪੇਸ਼ ਕਰਦੇ ਹਨ ਤੇ ਆਮ ਜੀਵਨ ਵਿਚੋਂ ਉਦਾਹਰਨ ਦਿੰਦੇ ਹੋਏ ਭਗਤ ਕਬੀਰ ਲਿਖਦੇ ਹਨ :

ਨਗਨ ਫਿਰਤ ਜੋ ਪਾਈਐ ਜੋਗ ।
ਬਨ ਦਾ ਮਿਰਗੁ ਮੁਕਤਿ ਸਭੁ ਹੋਗ ।।
ਮੂਡ ਮੁੰਡਾਏ ਜੋ ਸਿਧਿ ਪਾਈ ।
ਮੁਕਤੀ ਭੇਡ ਨ ਗਈਆ ਕਾਈ ।।[4]

ਮੱਧਯੁੱਗ ਵਿਚ ਧਰਮ-ਸੰਬੰਧੀ ਕਰਮਕਾਂਡੀ ਵਿਉਹਾਰ ਹਿੰਦੂ ਧਰਮ ਦੇ ਨਾਲ-ਨਾਲ ਇਸਲਾਮ ਧਰਮ ਦੀਆਂ ਸੰਪ੍ਰਦਾਵਾਂ ਵਿਚ ਵੀ ਜੋਰਾਂ ਤੇ ਸੀ। ਬਾਬਾ ਫਰੀਦ ਵੀ ਪੂਰਵ ਸਥਾਪਿਤ ਵਿਚਾਰਾਂ ਤੇ ਲਕੀਰ ਦਾ ਫਕੀਰ ਬਣਨ ਦੀ ਥਾਂ ਧਰਮ ਦੀ ਪਹਿਲੀ ਪਉੜੀ ਲਈ ਆਪਣੇ ਅੰਤਹਕਰਨ ਨੂੰ ਸੰਵਾਰਨ ਉਤੇ ਬਲ ਦਿੰਦੇ ਹਨ :

ਆਪ ਸਵਾਰਹਿ ਮੈ ਮਿਲਹਿ
ਮੈ ਮਿਲਿਆ ਸੁਖ ਹੋਇ
ਫਰੀਦਾ ਜੇ ਤੂੰ ਮੇਰੇ ਹੋਇ ਰਹਹਿ
ਸਭ ਜਗੁ ਤੇਰਾ ਹੋਇ[5]

ਆਪਣੇ ਅੰਤਹਕਰਨ ਨੂੰ ਦਯਾ, ਧਰਮ, ਸ਼ੀਲ, ਸੰਜਮ, ਨਿਮਰਤਾ ਆਦਿ ਗੁਣਾਂ ਨਾਲ ਭਰਪੂਰ ਕਰਕੇ, ਮਨੁੱਖ ਨੂੰ ਪ੍ਰਭੂ-ਪ੍ਰਾਪਤੀ ਲਈ ਕਿਸੇ ਕਰਮਕਾਂਡ ਦੀ ਲੋੜ ਨਹੀਂ ਰਹਿ ਜਾਂਦੀ। ਭਗਤ ਕਬੀਰ ਅਨੁਸਾਰ ਮਨ ਸਭ ਇੰਦ੍ਰੀਆਂ ਦਾ ਨਿਯੰਤਰਣ ਕਰਤਾ ਹੈ ਅਮੋੜ ਹੈ, ਚੰਚਲ ਹੈ। ਇਸ ਲਈ ਧਰਮਦੀ ਸਾਧਨਾ ਲਈ ਮਨ ਨੂੰ ਸਾਧਨ ਦੀ ਲੋੜ ਹੈ। ਬਾਣੀ ਵਿਚਲਾ ਫੁਰਮਾਨ ਹੈ:

ਕਬੀਰ ਮਨੁ ਮੁੰਡਿਆ ਨਹੀਂ ਦੇਸ਼ ਮੁੰਡਾਏ ਕਾਇ ।
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ ।[6]

ਇਹ ਬਾਣੀ ਆਪਣੇ ਉਪਦੇਸ਼ ਵਿਚ ਅਤਿਅੰਤ ਸਪੱਸ਼ਟ ਅਤੇ ਪ੍ਰੇਰਣਾਮਈ ਸੁਝਾਵਾਂ ਦਾ ਰੂਪ ਹੈ, ਜਿਸ ਨੂੰ ਹਿਰਦੇ ਵਿਚ ਧਾਰਨ ਕਰਕੇ ਮਨੁੱਖ ਕਰਮ-ਧਰਮ ਦੀ ਪਵਿੱਤਰਤਾ ਦੇ ਨਾਲ ਹੀ ਜੀਵਨ ਮੁਕਤ ਹੋ ਸਕਦਾ ਹੈ। ''ਮੁਕਤੀ ਸ਼ਬਦ ਦੋ ਅਰਥ ਦਿਸ਼ਾਵਾਂ ਦਾ ਸੁਝਾਉ ਦਿੰਦਾ ਹੈ, ਨਾਹ-ਵਾਚਕ ਦ੍ਰਿਸ਼ਟੀ ਤੋਂ ਇਹ ਕਿਸੇ ਪ੍ਰਕਾਰ ਦੇ ਬੰਧਨ ਤੋਂ ਛੁਟਕਾਰਾ ਪਾਉਣ ਦੀ ਭਾਵਨਾ ਦਾ ਸੂਚਕ ਹੈ ਪਰੰਤੂ ਨਿਸਚੇਵਾਚਕ ਦ੍ਰਿਸ਼ਟੀ ਤੋਂ ਮੁਕਤੀ ਇਕ ਖਾਸ ਕਿਸਮ ਦੀ ਮਨੋ-ਸਥਿਤੀ ਦੀ ਲਖਾਇਕ ਵੀ ਹੈ। ਨਿਰਲੇਖ, ਨਿਰਦੋਸ ਅਤੇ ਸਮਦਰਸੀ ਦ੍ਰਿਸ਼ਟੀ ਭਗਤ-ਕਵੀਆਂ ਅਨੁਸਾਰ ਮਨੁੱਖ ਨੂੰ 'ਮੁਕਤੀ' ਦਾ ਅਧਿਕਾਰੀ ਬਣਾਉਂਦੀ ਹੈ।



ਨਾਥਾਂ-ਜੋਗੀਆਂ ਦੁਆਰਾ ਸ਼ੁਰੂ ਕੀਤੀ ਗਈ ਸੰਸਾਰਕ ਉਪਰਾਮਤਾ ਦੀ ਬਿਰਤੀ ਨੂੰ ਰੱਦ ਕਰਦੇ ਹੋਏ ਅਤੇ ਪਰੰਪਰਾਗਤ ਧਰਮ ਦੇ ਏਕਾਂਤ ਵਾਸ ਦੇ ਖਿਆਲ ਦੀ ਪੁਨਰ-ਵਿਆਖਿਆ ਕਰਦੇ ਹੋਏ ਬਾਬਾ ਫਰੀਦ ਵੱਡਮੁੱਲੇ ਵਿਚਾਰ ਪੇਸ਼ ਕਰਦੇ ਹਨ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ ।
ਵਸੀ ਰਬੁ ਹਿਆਲੀਐ
ਜੰਗਲੁ ਕਿਆ ਢੂਢੇਹਿ ।[7]

ਇਸ ਸੰਬੰਧੀ ਡਾ. ਹਰੀ ਸਿੰਘ ਭਾਰਤੀ ਲਿਖਦੇ ਹਨ ਕਿ ''ਸੱਚਾ ਅਧਿਆਤਮਵਾਦੀ ਲੋਕ ਜੀਵਨ ਤੋਂ ਦੂਰ ਨਹੀਂ ਭੱਜਦਾ ਉਹ ਜਗਤ ਵਿਚ ਰਹਿ ਕੇ ਵੀ, ਜਗਤ ਤੋਂ ਨਿਰਲੇਪ ਰਹਿੰਦਾ ਹੈ, ਉਹ ਘਰ-ਬਾਰ ਤਿਆਗ ਕੇ ਬਨਵਾਸ ਧਾਰਨ ਨਹੀਂ ਕਰਦਾ, ਸਗੋਂ ਦੁਨੀਆਦਾਰੀ ਦੇ ਫਰਜ ਪੂਰੇ ਕਰਦੇ ਹੋਇਆ ਵੀ ਇਸ ਤੋਂ ਅਲਿਪਤ ਰਹਿੰਦਾ ਹੈ।''[8] ਮਨੁੱਖ ਆਪਣੇ ਕੁਟੰਬ ਦੀਆਂ ਸਹੂਲਤਦਾਂ ਲਈ ਦਿਨ ਰਾਤ ਜਦੋ-ਜਹਿਦ ਕਰਦਾ ਹੈ। ਉਪਜੀਵਕਾ ਕਮਾਉਣ ਲਈ ਸੰਸਾਰਕ ਕਰਮ ਵੀ ਕਰਨੇ ਪੈਂਦੇ ਹਨ, ਇਯ ਵਿਚਾਰ ਨੂੰ ਬੜੇ ਹੀ ਸੁੰਦਰ ਵਿਚਾਰਸ਼ੀਲ ਪੱਖ ਤੋਂ ਭਗਤ ਨਾਮਦੇਵ ਜੀ ਸ਼ਬਦ-ਬੱਧ ਕਰਦੇ ਹੋਏ ਲਿਖਦੇ ਹਨ :

ਨਾਮਾ ਕਹੈ ਤ੍ਰਿਲੋਚਨਾ ਮੁਖ ਤੇ ਰਾਮ ਸਮਾਲਿ
ਹਾਥਿ ਪਾਉ ਕਰਿ ਕਾਮ ਸਭੁ
ਚੀਤੁ ਨਿਰੰਜਨ ਨਾਲਿ ।[9]

ਇਸ ਆਧਾਰ ਤੇ ਅਤੇ ਭਗਤ ਧੰਨੇ ਦੇ ਆਰਤੀ ਵਾਲੇ ਪਦੇ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਗਤ ਕਵੀਆਂ ਨੇ ਆਪਣੀ ਬਾਣੀ ਵਿਚ ਕਿਸੇ ਵੀ ਥਾਂ ਤੇ ਸੰਸਾਰਕ ਪਦਾਰਥਾਂ ਦਾ ਤਿਆਗ ਕਰਨ ਦੀ ਗੱਲ ਨਹੀਂ ਕਰਦੀ, ਬੇਸ਼ਕ ਇਹ ਵਿਚਾਰ ਥਾਂ ਪਰ ਥਾਂ ਪੇਸ਼ ਹੋਇਆ ਹੈ ਕਿ ਪਦਾਰਥਕ ਸੁੱਖ ਛਿਣ ਭੰਗਰ ਹਨ ਅਤੇ ਚੰਚਲ ਮਨ ਨੂੰ ਭਰਮ-ਭੁਲੇਖਿਆਂ ਵਿਚ ਪਾਈ ਰਖਦੇ ਹਨ। ਇਸ ਲਈ ਇਹਨਾਂ ਪਦਾਰਥਾਂ ਤੋਂ ਮਾਨਸਿਕ ਦੂਰੀ ਬਣਾਈ ਰੱਖਣ ਦਾ ਉਪਦੇਸ਼ ਇਸ ਬਾਣੀ ਵਿਚ ਮਿਲਦਾ ਹੈ। ਇਸੇ ਤਰ੍ਹਾਂ ਧਰਮ ਨੂੰ ਮਨੁੱਖ ਨੇ ਆਪਣੇ ਮਾਨਸਿਕ ਪਟਲ ਅਤੇ ਹਿਰਦੇ ਦੇ ਧਰਾਤਲ ਤੇ ਸਥਾਪਿਤ ਕਰਨਾ ਹੈ ਨਾਂ ਕਿ ਬਾਹਰੀ ਭੇਖ ਆਡੰਬਰਾਂ ਰਾਹੀਂ ਧਰਮ ਸਥਾਪਿਤ ਹੋ ਸਕਦਾ ਹੈ। ਧਰਮ ਕਿਸੇ ਜਾਤਿ ਵਿਸ਼ੇਸ਼ ਜਾਂ ਵਰਣ-ਵਿਵਸਥਾ ਦੀ ਨਿੱਜੀ ਜਾਇਦਾਦ ਨਹੀਂ ਅਤੇ ਭਗਤ ਕਬੀਰ ਅਨੁਸਾਰ ਉਹ ਅਕਾਲ-ਪੁਰਖ ਕੋਈ ਖਿਡੌਣਾ ਨਹੀਂ ਅਤੇ ਕਿਸੇ ਵੀ ਤੀਰਥ ਤੇ ਜਾ ਕੇ ਕੀਤਾ ਇਸਨਾਨ, ਵੇਦ-ਕਤੇਬ ਧਾਰਮਿਕ ਪੁਸਤਕਾਂ ਦੇ ਨਿਰੇ ਪਾਠ ਰਟਨ ਕਰਨਾ 'ਧਾਰਮਿਕ' ਹੋਣ ਦਾ ਪੂਰਾ ਨਹੀਂ । ਕਬੀਰ ਬਾਣੀ ਵਿਚਲਾ ਫੁਰਮਾਨ ਹੈ :

ਮਾਥੈ ਤਿਲਕ ਹਥ ਮਾਲਾ ਬਾਨਾ ।
ਲੋਗਨ ਰਾਮ ਖਿਲਾਉਨਾ ਜਾਨਾ ।[10]

ਭਗਤ ਕਵੀਆਂ ਨੇ ਆਪਣੀ ਵਿਚਾਰਧਾਰਾ ਦੀ ਸਪਸ਼ਟਤਾ ਲਈ ਆਮ-ਲੋਕਾਂ ਦੀ ਭਾਸ਼ਾ ਨੂੰ ਸੰਚਾਰ ਦਾ ਆਧਾਰ ਬਣਾਇਆ। ਬ੍ਰਹਮੰਡੀ ਚੇਤਨਾ ਨੂੰ, ਧਰਾਤਲ ਦੇ ਪੱਧਰ ਤੇ ਪੇਸ਼ ਕੀਤਾ; ਵਿਚਾਰਾਂ ਤੇ ਭਾਸ਼ਾ ਦੀ ਜਟਿਲਤਾ ਮੂਲੋਂ ਹੀ ਰੱਦ ਕਰ ਦਿੱਤਾ ਕਿਉਂਕਿ ਇਹ ਭਗਤ ਕਵੀ ਆਪਣੀ ਗੱਲ ਨੂੰ ਬੜੇ ਸੌਖੇ ਢੰਗ ਨਾਲ, ਆਮ ਜਨਤਾ ਤੱਕ ਧਰਮ ਦੇ ਸੌਖੇ ਮਾਡਲ ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦੇ ਸਨ। ਧਰਮ ਦੀ ਜਟਿਲਤਾ ਦੇ ਸਾਰੇ ਪੱਖਾਂ ਨੂੰ ਨਕਾਰ ਕੇ 'ਸਰਬ ਧਰਮ ਮਹਿ ਸ੍ਰੇਸ਼ਟ ਧਰਮ, ਹਰਿ ਕੋ ਨਾਮ ਜਪਿ ਨਿਰਮਲ ਕਰਮ' ਦੇ ਸਿਧਾਂਤ ਨੂੰ ਦ੍ਰਿੜਤਾ ਨਾਲ ਪੇਸ਼ ਕੀਤਾ। ਭਗਤ-ਕਵੀਆਂ ਦੀ ਬਾਣੀ ਸਾਡਾ ਉਹ ਅਧਿਆਤਮਕ ਵਿਰਸਾ ਹੈ ਜੋ ਗੁਰਮਤਿ ਵਿਚਾਰਧਾਰਾ ਤੋਂ ਪਹਿਲਾ, ਗੁਰਮਤਿ ਵਿਚਾਰਧਾਰਾ ਲਈ ਧਰਤੀ ਮੋਕਲੀ ਕਰਦਾ ਹੈ। ਆਮ ਸਾਧਾਰਨ ਮਨੁੱਖ ਜਿਹਨਾਂ ਨੇ ਕਿਸੇ ਵਿਦਿਆਪੀਠ ਤੋਂ ਸਿੱਖਿਆ ਪ੍ਰਾਪਤ ਨਾ ਕੀਤੀ ਅਜੇਹੀ ਧਾਰਮਿਕ ਕਵਿਤਾ ਬਾਣੀ ਦੇ ਰੂਪ ਵਿਚ ਸਾਨੂੰ ਦੇ ਗਏ, ਜਿਸ ਦਾ ਮੁਕਾਬਲਾ ਅੱਜ ਦੇ ਪੜ੍ਹੇ-ਲਿਖੇ ਨਿਰੇ ਕਵੀ ਆਖੇ ਜਾਣ ਵਾਲੇ ਵਿਅਕਤੀ ਵੀ ਨਹੀਂ ਕਰ ਸਕਦੇ। ਰਸ, ਛੰਦ, ਅਲੰਕਾਰ ਅਤੇ ਰਾਗਾਂ ਦੇ ਪੱਖ ਤੋਂ ਵੀ ਭਗਤ-ਬਾਣੀ ਕਾਵਿ-ਸੁੰਦਰਤਾ ਦੀ ਲਖਾਇਕ ਹੈ।

ਸਿੱਟੇ ਵਜੋਂ ਅਸੀਂ ਆਖ ਸਕਦੇ ਹਾਂ ਕਿ ਭਗਤ-ਕਵੀ ਵੱਖ-ਵੱਖ ਜਾਤਾਂ ਨਾਲ ਸੰਬੰਧ ਰੱਖਣ ਦੇ ਬਾਵਜੂਦ ਵੀ, ਕਿਸੇ ਸੰਪ੍ਰਦਾਇਕ ਹੱਦ-ਬੰਦੀ ਵਿਚ ਨਾ ਰਹਿ ਕੇ 'ਸਾਂਝੀਵਾਲਤਾ' ਦੇ ਧਰਮ ਦੀ ਨੀਂਹ ਰੱਖ ਗਏ। ਇਹ ਇਕ ਅਜੇਹਾ ਧਰਮ ਜੀ ਜੋ ਨਾਮ-ਸਿਮਰਨ ਤੇ ਸ਼ੁੱਭ-ਕਰਮਾਂ ਨੂੰ ਨਾਲ ਲੈ ਕੇ ਸਥਾਪਿਤ ਹੁੰਦਾ ਹੈ, ਜਿਸ ਵਿਚ ਮਨੁੱਖ ਲਈ ਗ੍ਰਹਿਸਥ ਜੀਵਨ ਵੀ ਹੈ ਅਤੇ ਅਕਾਲ-ਪੁਰਖ ਨਾਲ ਅਭੇਦਤਾ ਵਾਲਾ 'ਮੁਕਤੀ' ਵੀ ਹੈ। ਆਤਮਕ ਪੂਰਨਤਾ ਅਤੇ ਆਚਰਨ ਦੀ ਪਵਿੱਤਰਤਾ ਨਾਲ ਇਹ ਭਗਤ-ਕਵੀ ਲੋਕਿਕ ਅਤੇ ਪਾਰਲੋਕਿਕ ਦੋਵੇਂ ਥਾਵਾਂ ਤੇ ਪ੍ਰਸਿੱਧੀ ਪ੍ਰਾਪਤ ਕਰ ਗਏ ਅਤੇ ਇਹਨਾਂ ਭਗਤਾਂ ਦੇ ਜਤਨਾਂ ਸਦਕਾ ਸਥੂਲ ਹੋ ਚੁੱਕੀ ਧਾਰਮਿਕ ਵਿਵਸਥਾ ਵਿਚ ਨਵੀ ਤਾਜਗੀ ਆਈ, ਰੂੜੀਵਾਦਿਤਾ ਤੇ ਕਰਾਰੀ ਸੱਟ ਵੱਜੀ ਤੇ ਧਾਰਮਿਕ ਗਿਆਨ ਸੌਖੇ ਤੇ ਸਰਲ ਸਰੂਪ ਵਿਚ ਆਮ-ਜਨ ਸਾਧਾਰਨ ਦੀ ਪਹੁੰਚ ਵਿਚ ਆ ਗਿਆ ।



Scanned with OKEN Scanner

ਹਵਾਲੇ ਅਤੇ ਟਿੱਪਣੀਆਂ

1 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਪੰਨਾ 324
2 ਸ੍ਰੀ ਗੁਰੂ ਗ੍ਰੰਥ ਸਾਹਿਬ, ਸੁਖਮਨੀ ਸਾਹਿਬ, ਪੰਨਾ 266
3 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗੌਂਡ, ਪੰਨਾ 875
4 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਪੰਨਾ 324
5 ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਫਰੀਦ ਜੀ, ਪੰਨਾ 1382
6 ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਕਬੀਰ ਜੀ, ਪੰਨਾ 1369
7 ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਫਰੀਦ ਜੀ, ਪੰਨਾ 1382
8 ਡਾ. ਹਰੀ ਸਿਘ ਭਾਰਤੀ, ਗੁਰੂ ਨਾਨਕ ਦਾ ਸਦਾਚਾਰ ਮਾਰਗ, ਪੰਨਾ 3
9 ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 5, ਪੰਨਾ 1375
10 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਭੈਰਉਂ, ਪੰਨਾ 1158



ISSN : 2347–4041
UGC Approved No. 41232
Impact Factor 3.245
संस्कार चेतना अन्तरराष्ट्रीय मूल्यांकित शोध पत्रिका
वर्ष 8, अंक 5, जनवरी 2019

# ਗਿੱਧਾ ਲੋਕ-ਨਾਚ ਦਾ ਸਰੂਪ ਅਤੇ ਸੱਭਿਆਚਾਰਕ ਸਾਰਥਕਤਾ

ਡਾ. ਰੁਪਿੰਦਰ ਕੌਰ
ਐਸੋਸੀਏਟ ਪ੍ਰੋਫੈਸਰ
ਪੰਜਾਬੀ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ,
ਅਬੋਹਰ (ਪੰਜਾਬ)

ਲੋਕ-ਨਾਚ ਕਿਸੇ ਵੀ ਸੱਭਿਆਚਾਰ ਦੀ ਰੂਹ ਹੁੰਦੇ ਹਨ। ਲੋਕ-ਨਾਚਾਂ ਵਿੱਚ ਕਿਸੇ ਵੀ ਸਮਾਜ ਦੇ ਲੋਕਾਂ ਦੀ ਸਮੁੱਚੀ ਤਸਵੀਰ ਪੇਸ਼ ਹੁੰਦੀ ਹੈ। ਨਾਚ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਰੂਪ ਵਿੱਚ ਤਰੋ-ਤਾਜ਼ਾ ਕਰਦੇ ਹਨ। ਜੇਕਰ ਮਨੁੱਖੀ ਸਰੀਰ ਲਈ ਨਾਚ, ਖੇਡਾਂ ਤੇ ਕਸਰਤ ਦੀ ਜ਼ਰੂਰਤ ਹੈ ਤਾਂ ਮਾਨਸਿਕ ਸਕੂਨ ਦੀ ਵੀ ਲੋੜ ਹੈ। ਸਵੱਸਥ ਮਨ ਹੀ ਸਕਾਰਾਤਮਿਕ ਤੇ ਉਸਾਰੂ ਸੋਚ ਰੱਖ ਸਕਦਾ ਹੈ। ਜਿਸ ਸਮੇਂ ਮਨੁੱਖ ਨਾਚ ਕਰਦਾ ਹੈ ਜਾਂ ਸੰਗੀਤ ਨਾਲ ਜੁੜਦਾ ਹੈ ਉਸ ਸਮੇਂ ਉਸਦਾ ਮਨ ਹੁਲਾਸ ਨਾਲ ਭਰ ਜਾਂਦਾ ਹੈ। ਪੰਜਾਬੀ ਲੋਕਾਂ ਦਾ ਸੁਭਾਅ ਖੁੱਲ੍ਹਾ-ਡੁੱਲ੍ਹਾ ਅਤੇ ਦਲੇਰੀ ਭਰਿਆ ਹੈ। ਜਿਸ ਕਰਕੇ ਪੰਜਾਬੀ ਲੋਕਾਂ ਦੇ ਲੋਕ-ਨਾਚ ਤੇ ਜੀਵਨ ਸ਼ੈਲੀ ਵੀ ਖੁੱਲ੍ਹੀ-ਡੁੱਲ੍ਹੀ ਹੈ।

ਗਿੱਧਾ ਪੰਜਾਬੀ ਔਰਤਾਂ ਦਾ ਹਰਮਨ ਪਿਆਰਾ ਨਾਚ ਹੈ। ਆਪਣੇ ਆਮ ਜੀਵਨ ਵਿੱਚ ਪੰਜਾਬੀ ਔਰਤ ਜਿੰਨੀ ਸੰਗਾਲੂ, ਸਮਾਜਿਕ ਮਰਿਯਾਦਾ ਵਿੱਚ ਰਹਿਣ ਵਾਲੀ ਹੈ, ਉਨ੍ਹਾ ਹੀ ਉਹ ਗਿੱਧੇ ਵਿੱਚ ਨਿਸੰਗ ਹੈ। ਪੱਛਮੀ ਤੇ ਪੂਰਬੀ ਪੰਜਾਬ ਦੀਆਂ ਔਰਤਾਂ ਖੁਸ਼ੀ ਦੇ ਮੌਕੇ ਤੇ ਗਿੱਧਾ ਨਾਚ ਨੱਚਦੀਆਂ ਹਨ। ਡਾ. ਅਵਤਾਰ ਸਿੰਘ ਦਲੇਰ ਦਾ ਮਤ ਹੈ :

> **ਪੰਜਾਬ ਦੀਆਂ ਨੱਢੀਆਂ ਵੱਲੋਂ ਹਰ ਖੁਸ਼ੀ ਦੇ ਮੌਕੇ, ਜਿਹਾ ਕਿ ਵਿਆਹ ਸ਼ਾਦੀ, ਮੁੰਡੇ ਦੇ ਜੰਮਣ, ਮੁੰਡਨ, ਮੰਗਣੀ, ਨਾਮ ਸੰਸਾਰ ਤੋਂ ਇਲਾਵਾ ਸਾਰੇ ਤਿਉਹਾਰਾਂ, ਰੁੱਤਾਂ ਦੇ ਮੌਕੇ ਅਤੇ ਖਾਸ ਕਰ ਫ਼ਸਲਾਂ ਦੀ ਬਿਜਾਈ ਕਟਾਈ ਅਤੇ ਰੁੱਤਾਂ ਦੇ ਬਦਲਣ ਨਾਲ ਪਾਇਆ ਜਾਂਦਾ ਹੈ।**[1]

ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ :

> **ਗਿੱਧੇ ਵਿੱਚ ਪੰਜਾਬੀ ਮੁਟਿਆਰਾਂ ਦੀ ਆਤਮਾ ਸਾਹ ਲੈਂਦੀ ਹੈ ਤੇ ਜੋਬਨ ਸਾਣ ਚੜ੍ਹਦਾ ਹੈ। ਇਹ ਨਾਚ ਉਹਨਾਂ ਦੇ ਅੰਤਰੀਵ ਭਾਵਾਂ ਦੀ ਥਰਕਦੀ ਤਸਵੀਰ ਹੈ। ਇਸ ਨਾਚ ਵਿੱਚ ਭੰਗੜੇ ਜਿੰਨਾ ਉਤਸ਼ਾਹ ਵੱਲਵਲਾ ਤੇ ਸੰਜੀਵਤਾ ਹੈ ਪਰ ਇਸ ਵਿੱਚ ਸਰੀਰ ਦੀ ਲਚਕਤਾ, ਜਨਾਨੇ ਹਾਵ-ਭਾਵ ਤੇ ਧੜਕਣਾਂ ਬੜੀ ਖੂਬਸੂਰਤੀ ਨਾਲ ਰੂਪਮਾਨ ਹੋਈਆਂ ਹਨ।**[2]

ਗਿੱਧੇ ਦੇ ਜਨਮ ਬਾਰੇ ਵਿਦਵਾਨ ਇੱਕ ਮਤ ਨਹੀਂ ਹਨ। ਇਸ ਸੰਬੰਧੀ ਨਿਰਣੇਜਨਕ ਕੋਈ ਵੀ ਸਮਾਂ ਨਿਸ਼ਚਿਤ ਨਹੀਂ ਹੈ। ਬੇਸ਼ੱਕ ਇਸ ਬਾਰੇ ਇੱਕ ਪਰੀ ਦੀ ਮਿੱਥ ਕਥਾ ਹੈ ਕਿ ਪੰਜਾਬ ਦੇ ਤਲਾ ਵਿੱਚ ਨਹਾਉਣ ਆਉਂਦੀ ਪਰੀ ਤੋਂ ਪੰਜਾਬ ਦੀਆਂ ਕੁੜੀਆਂ ਨੇ ਨਾਚ ਸਿੱਖਿਆ। ਜਿਸ ਪਹਿਲੀ ਲੜਕੀ ਨੇ ਨਾਚ ਸਿੱਖਿਆ ਉਸਦਾ ਨਾਮ ਗੁੱਡੋ ਸੀ ਤੇ ਹੌਲੀ-ਹੌਲੀ ਉਸ ਦੇ ਨਾਮ ਤੇ ਇਸ ਨਾਚ ਦਾ ਨਾਮ ਗਿੱਧਾ ਪੈ ਗਿਆ। ਬੇਸ਼ੱਕ ਇਹ ਦੰਤ ਕਥਾ ਪੂਰਤ ਭਾਂਤ ਮੰਨਣਯੋਗ ਨਹੀ ਹੈ, ਪਰੰਤੂ ਫਿਰ ਵੀ ਗਿੱਧੇ ਦਾ ਸਬੰਧ ਫਰਸ਼ ਤੋਂ ਅਰਸ਼ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਪਰ ਜੇਕਰ ਇਸਦੀ ਇਤਿਹਾਸਿਕ ਪ੍ਰਸੰਗਕਤਾ ਦੇਖੀ ਜਾਵੇ ਤਾਂ ਇਸ ਵਿੱਚ ਕੋਈ ਵੀ ਸ਼ੰਕਾ ਉਤਪੰਨ ਨਹੀਂ ਹੁੰਦਾ ਕਿ ਲੋਕ-ਨਾਚਾਂ ਦੀ ਪਰੰਪਰਾ ਆਰੀਆ ਦੇ ਆਉਣ ਨਾਲ ਜੁੜ ਜਾਂਦੀ ਹੈ। ਡਾ. ਹਰਚਰਨ ਸਿੰਘ ਦਾ ਕਥਨ ਹੈ :

> **ਹੜੱਪਾ ਅਤੇ ਮੋਹਿੰਜੋਦੜੋ ਦੀ ਖੁਦਾਈ ਤੋਂ ਲੱਭੀਆਂ ਨਚਾਰਾਂ ਦੀਆਂ ਮੂਰਤਾਂ ਤੋਂ ਇਹ ਸਪੱਸ਼ਟ ਹੈ ਕਿ ਉਸ ਕਾਲ ਵਿੱਚ ਲੋਕਾਂ ਨੇ ਨਾਚ-ਕਲਾ ਵਿੱਚ ਕਾਫੀ ਪਰਪੱਕਤਾ ਪ੍ਰਾਪਤ ਕਰ ਲਈ।**[3]